

ਪਾਠ-19

# ਡਿਜੀਟਲ ਉਪਕਰਨ

ਬੱਚਿਓ, ਅੱਜ ਸਾਡੀ ਦੁਨੀਆਂ ਵਿੱਚ ਬਿਜਲਈ ਮਸ਼ੀਨਾਂ ਅਤੇ ਖ਼ਾਸ ਕਰ ਡਿਜੀਟਲ ਮਸ਼ੀਨਾਂ ਦੀ ਭਰਮਾਰ ਹੈ। ਅੱਜ-ਕੱਲ੍ਹ ਸਾਡੇ ਘਰ ਅੰਦਰ ਹੀ ਬਹੁਤ ਸਾਰੇ ਉਪਕਰਨ ਹਨ ਜੋ ਬਿਜਲੀ ਨਾਲ ਚਲਦੇ ਹਨ ਅਤੇ ਸਾਡੇ ਵੱਖੋ-ਵੱਖ ਕੰਮ ਸਕਿੰਟਾਂ ਵਿੱਚ ਕਰ ਦਿੰਦੇ ਹਨ। ਇਸ ਪਾਠ ਵਿੱਚ ਅਸੀਂ ਉਨ੍ਹਾਂ ਡਿਜੀਟਲ ਉਪਕਰਨਾਂ ਬਾਰੇ ਜਾਣਾਂਗੇ, ਜਿਹੜੇ ਕਿ ਆਮ ਤੌਰ 'ਤੇ ਸਾਡੇ ਘਰਾਂ ਵਿੱਚ ਵਰਤੇ ਜਾਂਦੇ ਹਨ।



ਹੁਣ ਵਿਗਿਆਨ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਤਕਰੀਬਨ ਘਰ ਦੇ ਸਾਰੇ ਉਪਕਰਨ ਡਿਜੀਟਲ ਅਤੇ ਸਮਾਰਟ ਹੋ ਗਏ ਹਨ। ਪਹਿਲਾਂ ਦੇ ਮੁਕਾਬਲੇ ਇਨ੍ਹਾਂ ਦੀ ਕਾਰਜ ਕਰਨ ਦੀ ਸਮਰੱਥਾ ਅਤੇ ਗੁਣਵੱਤਾ ਵਿੱਚ ਅਥਾਹ ਵਾਧਾ ਹੋਇਆ ਹੈ। ਆਓ ਕੁਝ ਉਪਕਰਨਾਂ ਬਾਰੇ ਜਾਣਕਾਰੀ ਲਈਏ—

**1. ਰੇਡੀਓ**—ਰੇਡੀਓ ਦੀ ਵਰਤੋਂ ਅਸੀਂ ਘਰਾਂ ਵਿੱਚ ਖ਼ਬਰਾਂ ਸੁਣਨ ਅਤੇ ਗਾਣੇ ਆਦਿ ਸੁਣਨ ਲਈ ਕਰਦੇ ਹਾਂ। ਇਹ ਸਾਨੂੰ ਵੱਖ-ਵੱਖ ਤਰ੍ਹਾਂ ਦੀ ਜਾਣਕਾਰੀ ਦਿੰਦਾ ਹੈ ਜਿਵੇਂ ਸਿਹਤ ਅਤੇ ਸਿੱਖਿਆ। ਇਹ ਸ਼ਬਦ ਭੰਡਾਰ ਵਿੱਚ ਵਾਧਾ ਕਰਦਾ ਹੈ ਅਤੇ ਸਾਡਾ ਮਨੋਰੰਜਨ ਵੀ ਕਰਦਾ ਹੈ।






**2. ਟੀ.ਵੀ.**—ਟੀ.ਵੀ. (ਟੈਲੀਵਿਜ਼ਨ) ਬੱਚਿਆਂ ਦੇ ਮਨੋਰੰਜਨ ਦਾ ਮਨਪਸੰਦ ਸਾਧਨ ਹੈ। ਇਸ ਵਿੱਚ ਆਵਾਜ਼ ਦੇ ਨਾਲ਼-ਨਾਲ਼ ਚਲਦੀਆਂ-ਫਿਰਦੀਆਂ ਤਸਵੀਰਾਂ ਵੀ ਨਜ਼ਰ ਆਉਂਦੀਆਂ ਹਨ। ਇਹ ਸਾਨੂੰ ਘਰ ਬੈਠੇ ਹੀ ਸਾਰੀ ਦੁਨੀਆਂ ਦੀ ਸੈਰ ਕਰਵਾ ਦਿੰਦਾ ਹੈ। ਕਾਰਟੂਨ, ਫਿਲਮਾਂ, ਗਾਣੇ, ਖੇਡਾਂ ਪਤਾ ਨਹੀਂ ਹੋਰ ਕਿੰਨਾਂ ਕੁਝ ਰਿਮੋਟ ਦਾ ਇੱਕ ਬਟਨ ਦੱਬਣ ਨਾਲ ਇਹ ਸਾਡੇ ਸਾਹਮਣੇ ਪੇਸ਼ ਕਰ ਦਿੰਦਾ ਹੈ।



**3. ਫਰਿੱਜ—** ਫਰਿੱਜ ਦੀ ਵਰਤੋਂ ਘਰਾਂ ਵਿੱਚ ਖਾਣ ਦੀਆਂ ਵਸਤੂਆਂ ਨੂੰ ਠੰਡਾ ਰੱਖਣ ਲਈ ਕੀਤੀ ਜਾਂਦੀ ਹੈ। ਇਸ ਨਾਲ਼ ਖ਼ਾਣਾ ਖਰਾਬ ਹੋਣ ਤੋਂ ਬਚਿਆ ਰਹਿੰਦਾ ਹੈ। ਇਸ ਦੀ ਵਰਤੋਂ ਮਾਂ ਤੁਹਾਨੂੰ ਠੰਡੀ ਅਤੇ ਮਿੱਠੀ ਆਈਸ-ਕਰੀਮ ਬਣਾਕੇ ਦੇਣ ਲਈ ਵੀ ਕਰਦੀ ਹੈ। ਗਰਮੀਆਂ ਵਿੱਚ ਤੁਸੀਂ ਸਾਰੇ ਘਰ ਆਉਂਦੇ ਹੀ ਠੰਡਾ ਪਾਣੀ, ਪੀਣ ਲਈ ਫਰਿੱਜ ਵੱਲ ਭੱਜਦੇ ਹੋ। ਕਈ ਦਵਾਈਆਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਘੱਟ ਤਾਪਮਾਨ ਦੀ ਲੋੜ ਹੁੰਦੀ ਹੈ। ਇਸ ਲਈ ਇਹ ਦਵਾਈਆਂ ਫਰਿੱਜ ਵਿੱਚ ਰੱਖੀਆਂ ਜਾਂਦੀਆਂ ਹਨ ਜਿਵੇਂ ਪੋਲੀਓ ਵੈਕਸੀਨ



**4. ਪ੍ਰੈੱਸ—**ਬੱਚਿਓ, ਤੁਹਾਡੇ ਮੰਮੀ ਜੀ ਸਕੂਲ ਆਉਣ ਵੇਲੇ ਤੁਹਾਡੀ ਵਰਦੀ ਨੂੰ ਪ੍ਰੈੱਸ ਦੀ ਮਦਦ ਨਾਲ਼ ਹੀ ਤਾਂ ਸਾਫ਼ ਤੇ ਸੋਹਣਾ ਬਣਾਉਂਦੇ ਹਨ। ਕੱਪੜੇ ਧੋਣ ਤੋਂ ਬਾਅਦ ਕੱਪੜੇ ਵਿੱਚ ਪਏ ਵੱਟਾਂ ਨੂੰ ਕੱਢਣ ਲਈ ਗਰਮ-ਗਰਮ ਪ੍ਰੈੱਸ ਮਿੰਟ ਲਾਉਂਦੀ ਹੈ। ਪਰੰਤੂ ਬੱਚਿਓ, ਤੁਸੀਂ ਗਰਮ ਪ੍ਰੈੱਸ ਦੇ ਨਜ਼ਦੀਕ ਜਾਣ ਤੋਂ ਪ੍ਰਹੇਜ ਕਰਨਾ ਹੈ, ਨਹੀਂ ਤਾਂ ਤੁਹਾਡਾ ਹੱਥ ਜਾਂ ਕੋਈ ਹੋਰ ਅੰਗ ਸੜ ਸਕਦਾ ਹੈ।




**5. ਕੈਮਰਾ—**ਕੈਮਰੇ ਦੀ ਵਰਤੋਂ ਤਸਵੀਰਾਂ ਖਿੱਚਣ ਲਈ ਕੀਤੀ ਜਾਂਦੀ ਹੈ। ਅੱਜਕੱਲ੍ਹ ਦੇ ਡਿਜੀਟਲ ਕੈਮਰੇ ਵਿੱਚ ਕੋਈ ਰੋਲ ਵੀ ਨਹੀਂ ਪਾਉਣਾ ਪੈਂਦਾ, ਸਗੋਂ ਸਿੱਧੀਆਂ ਹੀ ਤਸਵੀਰਾਂ ਪ੍ਰਿੰਟ ਹੋ ਜਾਂਦੀਆਂ ਹਨ।






6. **ਮੋਬਾਈਲ—** ਪਹਿਲਾਂ ਮੋਬਾਈਲ ਦੀ ਵਰਤੋਂ ਕੇਵਲ ਦੂਰ ਬੈਠੇ ਵਿਅਕਤੀ ਨਾਲ ਗੱਲਾਂ ਕਰਨ ਲਈ ਹੀ ਕੀਤੀ ਜਾਂਦੀ ਸੀ। ਪਰ ਅੱਜ ਕੱਲ੍ਹ ਦੇ ਸਮਾਰਟ ਮੋਬਾਈਲ ਤੇ ਤੁਸੀਂ ਬਹੁਤ ਸਾਰੇ ਕੰਮ ਕਰ ਸਕਦੇ ਹੋ। ਗੇਮ ਖੇਡਣਾ, ਰਸਤਾ ਲੱਭਣਾ, ਮੌਸਮ ਦੀ ਜਾਣਕਾਰੀ ਲੈਣਾ, ਚੈਟਿੰਗ ਕਰਨਾ, ਤਸਵੀਰਾਂ ਅਤੇ ਵੀਡਿਓ ਦੇਖਣਾ ਅਤੇ ਭੇਜਣਾ, ਬਿੱਲ ਭਰਨੇ ਅਤੇ ਹੋਰ ਪਤਾ ਨਹੀਂ ਕਿੰਨੇ ਕੁ ਕੰਮ ਅੱਜ ਸਾਡਾ ਮੋਬਾਈਲ ਕਰ ਦਿੰਦਾ ਹੈ।





7. **ਵਾਸ਼ਿੰਗ ਮਸ਼ੀਨ—** ਇਸ ਦੀ ਵਰਤੋਂ ਕੱਪੜੇ ਧੋਣ ਲਈ ਕੀਤੀ ਜਾਂਦੀ ਹੈ। ਹੁਣ ਸਮਾਰਟ ਵਾਸ਼ਿੰਗ ਮਸ਼ੀਨਾਂ ਆ ਗਈਆਂ ਹਨ, ਜੋ ਕਿ ਕੱਪੜਿਆਂ ਨੂੰ ਆਪਣੇ ਆਪ ਹੀ ਧੋ ਅਤੇ ਸੁਕਾ ਵੀ ਦਿੰਦੀਆਂ ਹਨ। ਤੁਸੀਂ ਉਸ ਵਿੱਚ ਕੱਪੜੇ ਪਾਉਣ ਤੋਂ ਬਾਅਦ ਉਸਨੂੰ ਚਾਲੂ ਹੀ ਕਰਨਾ ਹੈ....ਤੇ ਬੱਸ, ਹੋ ਗਈ ਕੱਪੜਿਆਂ ਦੀ ਸਫ਼ਾਈ।



8. **ਕੰਪਿਊਟਰ—**ਕੰਪਿਊਟਰ ਇੱਕ ਅਜਿਹੀ ਡਿਜੀਟਲ ਮਸ਼ੀਨ ਹੈ, ਜਿਸਨੇ ਹੁਣ ਹਰ ਘਰ ਦੇ ਵਿੱਚ ਆਪਣੀ ਜਗ੍ਹਾ ਬਣਾ ਲਈ ਹੈ। ਇਸ ਦੀ ਵਰਤੋਂ ਹਰ ਇੱਕ ਕੰਮ ਦੇ ਵਿੱਚ ਹੋਣ ਲੱਗੀ



ਹੈ, ਫੇਰ ਭਾਵੇਂ ਉਹ ਮਨੋਰੰਜਨ ਹੀ ਕਿਉਂ ਨਾ ਹੋਵੇ। ਇਹ ਇੱਕ ਸਮਾਰਟ ਮਸ਼ੀਨ ਹੈ ਜੋ ਸਾਡੇ ਹਰ ਇੱਕ ਕੰਮ ਨੂੰ ਸੁਖਾਲਾ ਬਣਾ ਦਿੰਦੀ ਹੈ। ਗਾਣੇ ਸੁਣਨਾ, ਫਿਲਮਾਂ ਦੇਖਣਾ, ਗੇਮ ਖੇਡਣਾ, ਇੰਟਰਨੈਟ 'ਤੇ ਜਾਣਕਾਰੀ ਲੱਭਣਾ, ਹਿਸਾਬ-ਕਿਤਾਬ ਰੱਖਣਾ, ਪੜ੍ਹਾਈ ਕਰਨਾ, ਬਿੱਲ ਭਰਨੇ, ਦੂਰ ਬੈਠੇ ਰਿਸ਼ਤੇਦਾਰਾਂ ਨਾਲ਼ ਗੱਲਬਾਤ ਕਰਨਾ, ਚਿੱਠੀਆਂ ਲਿਖਣਾ ਅਤੇ ਭੇਜਣਾ ਆਦਿ ਵਰਗੇ ਹਰ ਤਰ੍ਹਾਂ ਦੇ ਕੰਮ ਤੁਸੀਂ ਇਸ ਇੱਕ ਹੀ ਮਸ਼ੀਨ 'ਤੇ ਕਰ ਸਕਦੇ ਹੋ।



## ਯਾਦ ਰੱਖਣ ਯੋਗ ਗੱਲਾਂ

- ਨੰਗੇ ਪੈਰ ਜਾਂ ਗਿੱਲੇ ਹੱਥਾਂ ਨਾਲ਼ ਬਿਜਲੀ ਦੇ ਕਿਸੇ ਉਪਕਰਨ ਨੂੰ ਛੂਹਣਾ ਨਹੀਂ ਚਾਹੀਦਾ।
- ਪ੍ਰੈੱਸ ਦੀ ਵਰਤੋਂ ਬੱਚਿਆਂ ਨੂੰ ਖ਼ੁਦ ਨਹੀਂ ਕਰਨੀ ਚਾਹੀਦੀ।



1. **ਖ਼ਾਲੀ ਥਾਵਾਂ ਭਰੋ :—**

**ਕੰਪਿਊਟਰ ਡਿਜੀਟਲ, ਫਰਿੱਜ, ਸੁਖਾਲਾ, ਮਨੋਰੰਜਨ**

(ੳ) ਰੇਡੀਓ ਸਾਡਾ .................... ਕਰਦਾ ਹੈ।

(ਅ) .................... ਖਾਣ ਵਾਲੀਆਂ ਵਸਤੂਆਂ ਨੂੰ ਠੰਡਾ ਰੱਖਦਾ ਹੈ।

(ੲ) .................... ਕੈਮਰੇ ਵਿੱਚ ਰੋਲ ਵੀ ਪਵਾਉਣਾ ਨਹੀਂ ਪੈਂਦਾ।

(ਸ) .................... ਸਮਾਰਟ ਮਸ਼ੀਨ ਹੈ ਜੋ ਸਾਡੇ ਕੰਮ ਨੂੰ .................... ਕਰਦੀ ਹੈ।

2. **ਉੱਤਰ ਦਿਓ :—**

(ੳ) ਕੰਪਿਊਟਰ ਦੀ ਵਰਤੋਂ ਦੇ ਤਿੰਨ ਖੇਤਰ ਲਿਖੋ।
1. .......................... 2. .................... 3. .....................

(ਅ) ਗਰਮ ਪ੍ਰੈੱਸ ਦੇ ਨਜ਼ਦੀਕ ਕਿਉਂ ਨਹੀਂ ਆਉਣਾ ਚਾਹੀਦਾ?

..............................................................................

*****